੨੯ ਸਤੰਬਰ ੨੦੨੫

ਸਤਿਕਾਰਯੋਗ ਐਡਵੋਕੇਟ ਸ: ਹਰਜਿੰਦਰ ਸਿੰਘ ਜੀ,
ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ।

**ਵਿਸ਼ਾ: ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਸਬੰਧੀ ਪਹਿਲਾਂ ਭੇਜੀ ਚਿੱਠੀ (੨੯ ਜੁਲਾਈ ੨੦੨੫) ਬਾਰੇ ਯਾਦ ਦਿਹਾਨੀ।**

ਸਤਿਕਾਰਯੋਗ ਪ੍ਰਧਾਨ ਜੀ,

ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ੨੯ ਜੁਲਾਈ ੨੦੨੫ ਨੂੰ ਤੁਹਾਡੇ ਨਾਮ ਇਕ ਵਿਸਥਾਰਪੂਰਣ ਚਿੱਠੀ ਭੇਜੀ ਗਈ ਸੀ (ਦੋਬਾਰਾ ਨਾਲ ਨੱਥੀ ਕੀਤੀ ਹੈ) ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਸਬੰਧੀ ਗੰਭੀਰ ਚਿੰਤਾਵਾਂ ਅਤੇ ਸਵਾਲ ਦਰਜ ਕੀਤੇ ਗਏ ਸਨ। ਉਸ ਚਿੱਠੀ ਵਿੱਚ ਕਈ ਅਹਿਮ ਬਿੰਦੂ ਉਠਾਏ ਗਏ ਸਨ, ਜਿਵੇਂ ਕਿ ੧੯੫੨ ਅਤੇ ੧੯੬੪ ਤੋਂ ਬਾਅਦ ਦੀਆਂ ਬੀੜਾਂ ਦੇ ਵਿੱਚ ਅੰਤਰ, ਕਮੇਟੀਆਂ ਦੀਆਂ ਰਿਪੋਰਟਾਂ ਵਿੱਚ ਦਰਜ "ਬਾਰ-ਬਾਰ ਅਤੇ ਗੁਪਤੋ-ਗੁਪਤੀ" ਕੀਤੀਆਂ ਸੁਧਾਈਆਂ, ਜਾਗਤ-ਜੋਤ ਐਕਟ 2008 ਅਨੁਸਾਰ SGPC ਦੀ ਜ਼ਿੰਮੇਵਾਰੀ, ਅਤੇ ਛਪਾਈ ਪ੍ਰਕਿਰਿਆ ਦੀ ਪਾਰਦਰਸ਼ਤਾ ਦੀ ਲੋੜ।

ਇਸ ਗੰਭੀਰ ਮਸਲੇ 'ਤੇ ਸੰਗਤਾਂ ਵੱਲੋਂ ਵੱਧ ਰਹੀ ਚਿੰਤਾ ਦੇ ਬਾਵਜੂਦ, ਅਜੇ ਤੱਕ ਉਸ ਚਿੱਠੀ ਦਾ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ ਹੈ। ਸਮਾਂ ਬੀਤਦਾ ਜਾ ਰਿਹਾ ਹੈ ਅਤੇ ਉਹ ਵਿਦਵਾਨ, ਜੋ ਇਸ ਵਿਸ਼ੇ ਨੂੰ ਡੂੰਘਾਈ ਨਾਲ ਸਮਝਦੇ ਸਨ, ਇੱਕ-ਇੱਕ ਕਰਕੇ ਸੰਸਾਰ ਤੋਂ ਰੁਖਸਤ ਹੋ ਰਹੇ ਹਨ। ਇਸ ਲਈ, ਹੋਰ ਦੇਰੀ ਸਿਰਫ਼ ਕੌਮੀ ਨੁਕਸਾਨ ਹੀ ਕਰੇਗੀ।

ਇਸ ਯਾਦ ਦਿਹਾਨੀ ਰਾਹੀਂ ਦੁਬਾਰਾ ਅਰਜ਼ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਸੰਗਤ ਦੇ ਸਾਹਮਣੇ ਸਪਸ਼ਟ ਜਵਾਬ ਅਤੇ ਅੱਗੇ ਦੇ ਕਦਮ ਰੱਖੇ ਜਾਣ।

ਸਾਡੀ ਬੇਨਤੀ ਹੈ ਕਿ ਬਿਨਾ ਹੋਰ ਦੇਰੀ ਦੇ, SGPC ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਦੀ ਪ੍ਰਕਿਰਿਆ ਨੂੰ ਜਨਤਕ ਤੇ ਪਾਰਦਰਸ਼ੀ ਤਰੀਕੇ ਨਾਲ ਸ਼ੁਰੂ ਕਰੇ।

ਤੁਹਾਡੇ ਤੁਰੰਤ ਜਵਾਬ ਦੀ ਉਮੀਦ ਕਰਦਿਆਂ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)